# 4
# ਸਮਝ ਅਤੇ ਅੰਤਹਕਰਨ

## ਸਮਝ

ਗਤੀਸ਼ੀਲ ਚੰਦਰਮਾ ਉਸ ਸਿਰਜਣਹਾਰ ਦੀ ਗਵਾਹੀ ਦਿੰਦਾ ਹੈ ਜੋ ਚੀਜ਼ਾਂ ਨੂੰ ਗਤੀਸ਼ੀਲ ਰੱਖਣ ਵਿਚ ਸਮਰੱਥ ਹੈ। ਜ਼ਿੰਦਾ ਚੀਜ਼ਾਂ ਵੀ ਇਕ ਜ਼ਿੰਦਾ ਰਚਨਹਾਰੇ ਦੀ ਗਵਾਹੀ ਦਿੰਦੀਆਂ ਹਨ। ਪਦਾਰਥ ਨਾਲੋਂ ਬੇਹਤਰ, ਗਤੀਸ਼ੀਲਤਾ ਨਾਲੋਂ ਬੇਹਤਰ ਅਤੇ ਜ਼ਿੰਦਗੀ ਨਾਲੋਂ ਬੇਹਤਰ ਹਕੀਕਤ ਦਾ ਇਕ ਹੋਰ ਪੱਧਰ ਹੈ ਜਿਸ ਨੂੰ ਸਮਝ ਆਖਿਆ ਜਾਂਦਾ ਹੈ। ਸਮਝ ਦੇਣ ਵਾਲੇ ਵਿਚ ਸਮਝ ਨਾ ਹੋਣ ਦੀ ਗੱਲ ਨੂੰ ਸਪੱਸ਼ਟ ਸੋਚ ਨਹੀਂ ਕਿਹਾ ਜਾ ਸਕਦਾ।

ਇਨਸਾਨੀ ਸਮਝ ਜ਼ਿੰਦਗੀ ਨਾਲੋਂ ਓਨੀ ਹੀ ਬੇਹਤਰ ਹੈ ਜਿੰਨੀ ਪਦਾਰਥ ਨਾਲੋਂ ਜ਼ਿੰਦਗੀ। ਇਨਸਾਨ ਦਾ ਦਿਮਾਗ਼ ਅਸੀਮ ਸਮਰੱਥਾ ਕਰਕੇ ਲਾਜਵਾਬ ਹੈ। ਰੂਸੀ ਵਿਦਵਾਨ, ਆਈਵਨ ਯੇਫ੍ਰਿਮੋਵ ਨੇ ਲਿਖਿਆ ਹੈ:

> ਮਾਨਵ ਵਿਗਿਆਨ, ਮਨੋਵਿਗਿਆਨ, ਤਰਕ, ਸਰੀਰ ਵਿਗਿਆਨ ਦੀਆਂ ਖੋਜਾਂ ਤੋਂ ਪਤਾ ਲਗਦਾ ਹੈ ਕਿ ਇਨਸਾਨ ਦੇ ਦਿਮਾਗ਼ ਦੀ ਸ਼ਕਤੀ ਅਸਲ 'ਚ ਬੇਹੱਦ ਜ਼ਿਆਦਾ ਹੈ। ਆਧੁਨਿਕ ਵਿਗਿਆਨ ਨਾਲ ਮਨੁੱਖ ਦੇ ਦਿਮਾਗ਼ ਦੀ ਰਚਨਾ ਅਤੇ ਕੰਮ ਦੀ ਕੁਝ ਸਮਝ ਪਾ ਕੇ ਅਸੀਂ ਇਸਦੀ ਵਿਸ਼ਾਲ, ਜ਼ਬਰਦਸਤ ਸ਼ਕਤੀ ਤੋਂ ਹੈਰਾਨ ਹੋ ਗਏ। ਕੰਮ ਅਤੇ ਜ਼ਿੰਦਗੀ ਦੇ ਔਸਤ ਹਾਲਾਤ ਵਿਚ ਮਨੁੱਖ ਆਪਣੀ ਸੋਚ ਸਮੱਗਰੀ ਦੀ ਬਹੁਤ ਘੱਟ ਵਰਤੋਂ ਕਰਦਾ ਹੈ। ਜੇ ਅਸੀਂ ਆਪਣੇ ਦਿਮਾਗ਼ ਦੀ ਸ਼ਕਤੀ ਦੇ ਅੱਧੇ ਹਿੱਸੇ ਦੀ ਵਰਤੋਂ ਕਰੀਏ ਤਾਂ ਵੀ ਬਗ਼ੈਰ ਕਿਸੇ ਅੜਚਨ ਦੇ ਅਸੀਂ 40 ਜ਼ਬਾਨਾਂ ਸਿੱਖ ਸਕਦੇ ਹਾਂ, ਵਿਸ਼ਵ ਕੋਸ਼ ਪੂਰੇ ਦਾ ਪੂਰਾ ਯਾਦ ਕਰ ਸਕਦੇ ਹਾਂ ਅਤੇ ਦਰਜਣਾਂ ਕਾਲਜਾਂ ਦੇ ਕੋਰਸ ਕਰ ਸਕਦੇ ਹਾਂ।[1]

ਆਦਮੀ ਦਾ ਦਿਮਾਗ਼ ਇਕ ਕੁਦਰਤੀ ਕੰਪਿਊਟਰ ਵਾਂਗ ਹੈ ਜਿਸ ਵਿਚ ਰਵਾਇਤੀ ਸੰਪਰਕ ਬਣਾਈ ਰੱਖਣ ਲਈ ਇਕ ਅਰਬ ਚਾਲੀ ਕਰੋੜ ਇਕਾਈਆਂ ਹਨ, ਅਤੇ ਹੈਰਾਨੀ ਦੀ ਗੱਲ ਹੈ ਕਿ ਇਹੀ ਇਕ ਕੰਪਿਊਟਰ ਹੈ ਜਿਸ ਬਾਰੇ ਮਾਹਿਰ ਮੰਨਦੇ ਹਨ ਕਿ ਇਸਦੀ ਬਣਤਰ ਕੁਦਰਤੀ ਕੰਮਾਂ ਵਿਚ ਇਕ ਲੜੀ ਕਰਕੇ ਮੁਮਕਿਨ ਹੈ। ਫ੍ਰਾਂਸੀਸੀ ਦਾਰਸ਼ਨਿਕ ਅਤੇ ਹਿਸਾਬਦਾਨ ਬਲੇਜ਼ ਪਾਸਕਲ ਨੇ ਲਿਖਿਆ ਹੈ, ''ਆਦਮੀ ਤਾਂ ਸਰਕੰਡਾ ਹੈ ਜੋ ਕੁਦਰਤ ਦੀ ਸਭ ਤੋਂ ਕਮਜ਼ੋਰ ਵਸਤੂ ਹੈ, ਸ੍ਰਿਸ਼ਟੀ ਚਾਹੇ ਉਸਨੂੰ ਮਾਰ ਦੇਵੇ, ਫਿਰ ਵੀ ਉਹ ਆਪਣੇ ਮਾਰਨ ਵਾਲੇ ਨਾਲੋਂ ਬੇਹਤਰ ਹੋਵੇਗਾ, ਕਿਉਂਕਿ ਉਹਨੂੰ ਪਤਾ ਹੈ ਕਿ ਉਹਨੇ ਮਰਨਾ ਹੈ; ਅਤੇ ਸ੍ਰਿਸ਼ਟੀ ਨੂੰ ਇਸ ਲਾਭ ਦਾ ਜੋ ਉਹ ਉਸਦੇ ਉੱਪਰ ਹੈ, ਕੁਝ ਇਲਮ ਨਹੀਂ ਹੈ।''

ਆਦਮੀ ਦੇ ਦਿਮਾਗ਼ ਦੀ ਇਸੇ ਸ਼ਕਤੀ ਦੇ ਕਾਰਣ ਚਾਰਲਸ ਡਾਰਵਿਨ ਆਸਤਿਕ ਬਣਿਆ

ਸੀ। ਡਾਰਵਿਨ ਨੇ ਲਿਖਿਆ ਹੈ ਕਿ ਮਨੁੱਖੀ ਦਿਮਾਗ਼ ਦੀ ''ਬਹੁਤ ਪਿੱਛੇ ਅਤੇ ਆਉਣ ਵਾਲੀ ਜ਼ਿੰਦਗੀ ਵਿਚ ਬਹੁਤ ਅੱਗੇ ਵੇਖਣ ਦੀ ਗਜ਼ਬ ਦੀ ਸ਼ਕਤੀ'' ਨੇ ਉਸਨੂੰ ''ਪਹਿਲਾ ਕਾਰਣ ਜਿਸਨੂੰ ਕਿਸੇ ਹੱਦ ਤਕ ਮਨੁੱਖ ਵਾਂਗ ਹੀ ਸਮਝ ਹੈ'' ਮੰਨਣ ਲਈ ਮਜਬੂਰ ਕੀਤਾ। ਉਸਨੇ ਅੱਗੇ ਕਿਹਾ, ''ਆਸਤਿਕ ਅਖਵਾਉਣ ਦਾ ਹੱਕ ਹੈ।'' ਪਰ ਉਹਦਾ ਮੰਨਣਾ ਸੀ ਕਿ ਮਨੁੱਖ ਦਾ ਦਿਮਾਗ਼ ''ਛੋਟੇ ਤੋਂ ਛੋਟੇ ਜਾਨਵਰਾਂ ਵਾਂਗ ਹੀ'' ਵਿਕਸਿਤ ਹੋਇਆ ਹੈ, ਫਿਰ ਉਸਨੂੰ ਸ਼ੱਕ ਹੋਇਆ ਕਿ ''ਵੱਡੇ ਨਿਚੋੜਾਂ'' ਜਿਨ੍ਹਾਂ ਤਕ ਆਦਮੀ ਪਹੁੰਚਦਾ ਹੈ, ਤੇ ਭਰੋਸਾ ਕੀਤਾ ਜਾ ਸਕਦਾ ਹੈ।[2] ਇੰਜ ਡਾਰਵਿਨ ਨੇ ਉਹ ਮੰਨਣ ਤੋਂ ਨਾਂਹ ਕੀਤੀ ਜੋ ਉਸ ਦੇ ਦਿਮਾਗ਼ ਨੇ ਕਿਹਾ ਸੀ ਕਿਉਂਕਿ ਉਸਨੇ ਆਪਣੇ ਦਿਮਾਗ਼ ਨੂੰ ਅਜਿਹਾ ਕਹਿਣ ਦੇ ਯੋਗ ਨਹੀਂ ਸਮਝਿਆ।

ਦਿਮਾਗ਼ ਕਾਹਦੇ ਨਾਲ ਬਣਿਆ ਹੈ? ਇਕ ਵਿਗਿਆਨੀ ਨੇ ਇਸ ਨੂੰ ਤੱਤ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਹ ''ਮੂਲ ਕਿਣਕਿਆਂ'' ਨਾਲ ਬਣਿਆ ਹੋਇਆ ਹੈ ਕਿ ਇਸਦਾ ਅਰਥ ਹੈ ਕਿ ਮੂਲ ਜਿਸ ਵਿਚ ''ਘਟੀਆ ਕਿਸਮ ਅਤੇ ਦੁਰਬਲ ਤੀਬਰਤਾ'' ਦੀਆਂ ''ਦਿਮਾਗ਼ੀ ਖ਼ੂਬੀਆਂ'' ਹਨ। ਡਾਰਵਿਨ ਨੇ ਕਿਹਾ ਕਿ ਅਜਿਹੀਆਂ ਚੀਜ਼ਾਂ ਦਾ ਅੰਦਾਜ਼ਾ ਲਗਾਉਣਾ ਪੈਂਦਾ ਹੈ, ਨਹੀਂ ਤਾਂ ''ਮੈਨੂੰ ਇਹ ਸਮਝ ਨਹੀਂ ਆ ਸਕਦਾ ਕਿ ਚੇਤਨਾ'' ਕੱਚੇ ਪੂਰਵ ਇਤਿਹਾਸ ਬਾਇਓ ਲੁਮਿਨਿਸੇਸ (ਅਰਥਾਤ ਇਕ ਵਿਕਾਸਵਾਦੀ ਚੰਗਿਆੜੀ) ਦਾ ਸੁਧਰਿਆ ਹੋਇਆ ਵੰਸ਼ ਹੈ।[3] ਅਜਿਹੀ ਭਾਸ਼ਾ ਨਾ ਪ੍ਰਭਾਵਿਤ ਕਰ ਸਕਦੀ ਹੈ ਪਰ ਇਸ ਦੇ ਨਾਲ ਖੋਜੀ ਮਨ ਨੂੰ ਕੋਈ ਜਵਾਬ ਨਹੀਂ ਮਿਲਦਾ।

ਖੋਜੀ ਮਨ ਨੂੰ ਰੇਨੇ ਡੇਸਕਾਰਟੇਸ (1596-1650) ਦੇ ਸ਼ਬਦਾਂ ਵਿਚ ਜਵਾਬ ਮਿਲ ਜਾਂਦਾ ਹੈ: ''ਅਖ਼ੀਰ 'ਚ ਮੇਰੇ ਵਜੂਦ ਦਾ ਜੋ ਵੀ ਕਾਰਣ ਹੋਵੇ, ਇਹ ਮੰਨ ਲੈਣਾ ਚਾਹੀਦਾ ਹੈ ਕਿ ਇਹ ਵੀ ਵਿਚਾਰਵਾਨ ਵਸਤੂ ਹੈ, ਤਾਂ ਯਕੀਨਨ ਉਸਦਾ ਰਚਣਹਾਰਾ ਵੀ ਉਹਦੇ ਵਰਗਾ ਹੋ ਸਕਦਾ ਹੈ।''[4] ਜੇ ਸ੍ਰਿਸ਼ਟੀ ਸੋਚਣ ਵਾਲੀ ਵਸਤੂ ਹੈ ਤਾਂ ਬੇਸ਼ੱਕ ਉਹਦਾ ਬਣਾਉਣ ਵਾਲਾ ਵੀ ਸੋਚ ਸਕਦਾ ਹੈ। ''ਪ੍ਰਭਾਵ ਵਾਂਗ ਹੀ ਕਾਰਣ ਵਿਚ ਵੀ ਘੱਟੋ-ਘੱਟ ਓਨੀ ਹਕੀਕਤ ਤਾਂ ਹੋਣੀ ਹੀ ਚਾਹੀਦੀ ਹੈ।''[5] ਡੇਸਕਾਰਟੇਸ ਤੋਂ ਵੀ ਅੱਗੇ ਇਕ ਆਧੁਨਿਕ ਵਿਚਾਰਕ ਨੇ ਲਿਖਿਆ ਹੈ ਕਿ ਮਨੁੱਖ ਦੀ ਸਮਝ ਅਤੇ ਸ਼ਖਸੀਅਤ ਉਸਦੇ ਬਣਾਉਣ ਵਾਲੇ ਦੀ ''ਸਮਝ ਅਤੇ ਸ਼ਖਸੀਅਤ ਨੂੰ ਪਰਗਟ ਕਰਦੀ ਹੈ''[6] ਇਹ ਕਹਿਣਾ ਹੈ ਕਿ ਮਨੁੱਖ ਖ਼ੁਦਾ ਬਾਰੇ ਨਹੀਂ, ਦਲੀਲ ਭਰਿਆ ਨਹੀਂ ਹੈ। ਚੇਤਨਾ ਦੇਣ ਵਾਲਾ ਅਚੇਤ ਨਹੀਂ ਹੋ ਸਕਦਾ। ਘੱਟੋ-ਘੱਟ ਮਨੁੱਖੀ ਚੇਤਨਾ ਅਤੇ ਸ਼ਖ਼ਸੀਅਤ ਵਿਚ ਖ਼ੁਦਾ ਦੇ ਹੋਣ ਦੀ ਗਵਾਹੀ ਤਾਂ ਹੈ ਹੀ।

## ਅੰਤਹਕਰਨ

ਗਤੀਸ਼ੀਲ ਚੰਦਰਮਾ ਤੋਂ ਇਹ ਨਹੀਂ ਪਤਾ ਲੱਗਾ ਕਿ ਖ਼ੁਦਾ ਜ਼ਿੰਦਾ ਹੈ, ਪਰ ਰੁੱਖ ਤੋਂ ਪਤਾ ਲਗ ਜਾਂਦਾ ਹੈ। ਰੁੱਖ ਤੋਂ ਇਹ ਪਤਾ ਨਹੀਂ ਲਗਦਾ ਕਿ ਖ਼ੁਦਾ ਇਕ ਸ਼ਖ਼ਸ ਹੈ, ਪਰ ਆਦਮੀ ਦੀ ਸ਼ਖਸੀਅਤ ਤੋਂ ਪਤਾ ਲਗ ਜਾਂਦਾ ਹੈ। ਇਸੇ ਤਰ੍ਹਾਂ ਆਦਮੀ ਦਾ ਅੰਤਹਕਰਨ, ਜ਼ਿੰਮੇਵਾਰੀ ਦੀ ਉਹਦੀ ਭਾਵਨਾ ਤੋਂ ਪਤਾ ਲਗਦਾ ਹੈ ਕਿ ਖ਼ੁਦਾ ਨੈਤਿਕ ਕਦਰਾਂ ਵਾਲਾ ਖ਼ੁਦਾ ਹੈ। ਜਿਸ ਨੇ ਦੂਜਿਆਂ ਨੂੰ ਸਦਾਚਾਰ ਦਿੱਤਾ, ਇਹ ਨਹੀਂ ਹੋ ਸਕਦਾ ਕਿ ਉਹ ਆਪ ਸਦਾਚਾਰੀ ਨਾ ਹੋਵੇ।

ਆਦਮੀ ਦਾ ਸਦਾਚਾਰੀ ਸੁਭਾਅ ਜਾਨਵਰਾਂ ਨਾਲ ਮੇਲ ਨਹੀਂ ਖਾਂਦਾ। ਮਨੁੱਖੀ ਜੀਵ ਆਪਣੀਆਂ ਜ਼ਿੰਦਗੀਆਂ ਤੇ ਯੋਗ ਦਾਅਵੇ ਭਾਵ ''ਅਪਰੰਪਾਰ ਜੋ ਅਧਿਕਾਰ ਭਰਿਆ ਅਤੇ ਨਿਰਪੱਖ ਹੈ'' ਬਾਰੇ ਸੁਚੇਤ ਹੁੰਦੇ ਹਨ।[7] ਜੇ ਚਿੰਪੈਂਜ਼ੀ ਬੋਲ ਸਕਦਾ ਤਾਂ ਉਸਨੇ ਕਹਿਣਾ ਸੀ,

''ਮੈਨੂੰ ਚਾਹੀਦਾ ਹੈ।'' ਪਰ ਇਨਸਾਨ ਆਖਦਾ ਹੈ, ''ਮੈਨੂੰ ਚਾਹੀਦਾ ਹੈ।''

ਬੇਵਿਸ਼ਵਾਸੇ ਥੌਮਸ ਐਚ. ਹਕਸਲੇ (1825-95) ਨੇ ਆਪਣੇ ਪੁੱਤਰ ਦੀ ਮੌਤ ਦੇ ਕਾਰਣ ''ਸੱਚਾਈ ਨੂੰ ਨਕਾਰਨ'' ਤੇ ਅਮਰਤਾ ਵਿਚ ਸੁੱਖ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ।[8] ਪਰ ਜੇ ਹਕਸਲੇ ਆਦਿ ਕਾਲ ਤੋਂ ਹੀ ਹੌਲੀ-ਹੌਲੀ ਘਟਦੇ ਜਾ ਰਹੇ ਮਨੁੱਖ ਦੀ ਸੰਤਾਨ ਹੁੰਦਾ, ਜਿਵੇਂ ਕਿ ਉਸਦਾ ਮੰਨਣਾ ਸੀ ਤਾਂ ਕੀ ਫ਼ਰਕ ਰਹਿ ਜਾਂਦਾ ਹੈ? ਸਾਫ਼ ਹੈ ਕਿ ਹਕਸਲੇ ਦੀ ਇਮਾਨਦਾਰੀ ਦੀ ਭਾਵਨਾ ਨੇ ਸੱਚਾਈ ਬਾਰੇ ਉਸਦੀ ਮਿੱਟੀ ਦੀ ਦੇਹ ਵਿੱਚੋਂ ਕੁਝ ਨਹੀਂ ਕੱਢਿਆ। ਇਮਾਨਦਾਰੀ ਇਕ ਅਜਿਹਾ ਗੁਣ ਹੈ ਜਿਸਦੀ ਸਮਝ ਰਸਾਇਣਾਂ ਦੀ ਥੈਲੀ ਨੂੰ ਕਦੇ ਨਹੀਂ ਆ ਸਕਦੀ। ਇਹ ਮੰਨਣਾ ਕਿ ਜਿਸਨੇ ਮਨੁੱਖ ਵਿਚ ਨੈਤਿਕਤਾ ਦੀ ਭਾਵਨਾ ਨੂੰ ਪਾਇਆ ਉਹਦਾ ਨੈਤਿਕਤਾ ਦੇ ਬਿਨਾ ਹੋਣਾ ਮੰਨਣ 'ਚ ਨਹੀਂ ਆਉਂਦਾ।

ਬਰਟ੍ਰੇਂਡ ਰੱਸਲ (1872-1970) ਨੇ ਭਲਿਆਈ ਅਤੇ ਬੁਰਿਆਈ ਤੋਂ ਮਨੁੱਖ ਦੀ ਅੰਦਰੂਨੀ ਸੂਖਮ ਦ੍ਰਿਸ਼ਟੀ ਨੂੰ ਸਮਝਿਆ, ਪਰ ਉਸਦਾ ਮੰਨਣਾ ਸੀ ਕਿ ਜਿਸ ਸ਼ਕਤੀ ਨੇ ਮਨੁੱਖ ਵਿਚ ਸੂਖਮ ਸ਼ਕਤੀ ਪਾਈ ਉਸ ਵਿਚ ਸੋਚਣ ਦੀ ਯੋਗਤਾ ਨਹੀਂ ਸੀ। ''ਇਹ ਇਕ ਅਜੀਬ ਭੇਦ ਹੈ ਕਿ ਕੁਦਰਤ ਜੋ ਸਰਵਵਿਆਪੀ ਹੈ ਪਰ ਅੰਨ੍ਹੀ ਹੈ, ... ਨੇ ਅਖ਼ੀਰ 'ਚ ਇਕ ਅਜਿਹੇ ਬਾਲਕ ਨੂੰ ਜਨਮ ਦਿੱਤਾ ਜਿਸਨੂੰ ਭਲਿਆਈ ਅਤੇ ਬੁਰਿਆਈ ਦੇ ਗਿਆਨ ਤੋਂ ਆਪਣੀ ਵਿਚਾਰਹੀਣ ਮਾਂ ਦੇ ਸਭ ਕੰਮਾਂ ਦਾ ਨਿਆਂ ਕਰਨ ਦੀ ਸਮਝ ਸੀ।''[9] ਉਸਦੇ ਅਨੁਸਾਰ ਅਗਿਆਤ ਵੰਸ਼ਾਵਲੀ ਦੀ ਅੰਨ੍ਹੀ ਬੁੱਧਹੀਣ ਮਾਂ ਅਜਿਹੇ ਬਾਲਕ ਨੂੰ ਜਨਮ ਦਿੰਦੀ ਹੈ, ਜੋ ਸੋਚ ਸਕਦਾ ਹੈ ਅਤੇ ਸਦਾਚਾਰੀ ਹੈ।

ਇਮਾਨੁਏਲ ਕੈਂਟ ਨੇ ਅਕਾਸ਼ ਅਤੇ ਨੈਤਿਕ ਨਿਅਮ ਦੀ ਵਿਆਖਿਆ ਦੇ ਕੇ ਬਹੁਤਿਆਂ ਨੂੰ ਪ੍ਰਭਾਵਿਤ ਕੀਤਾ ਸੀ। ''ਤਾਰਿਆਂ ਨਾਲ ਭਰੇ ਅਕਾਸ਼ ਦੇ ਬਿਨਾ ਅਤੇ ਨੈਤਿਕ ਨਿਅਮਾਂ ਦੀਆਂ ਦੋ ਗੱਲਾਂ ਨੂੰ ਅਤੇ ਗੰਭੀਰਤਾ ਨੂੰ ਵੇਖ ਕੇ ਮੈਂ ਉਨ੍ਹਾਂ ਦੀ ਤਾਰੀਫ਼ ਕਰਦਾ ਅਤੇ ਮੇਰਾ ਡਰ ਵਧ ਰਿਹਾ ਹੈ।'' ਕੈਂਟ ਨੇ ਮਨੁੱਖ ਦੇ ''ਚਾਹੀਦਾ'' ਦੇ ਸਪੱਸ਼ਟ ਆਦੇਸ਼ ਸੂਚਕ ਨੂੰ ਇੰਨਾ ਅਹਿਮ ਮੰਨਿਆ ਕਿ ਉਸਨੇ ਇਸਨੂੰ ਖ਼ੁਦਾ ਦੇ ਹੋਣ ਦਾ ਇਕ ਸਬੂਤ ਬਣਾ ਦਿੱਤਾ। ਖ਼ੁਦਾ ਦੇ ਹੋਣ ਦੀਆਂ ਉੱਚਤਮ ਦਲੀਲਾਂ ਦੀ ਸਖ਼ਤ ਅਲੋਚਨਾ ਕਰਨ ਦੇ ਬਾਵਜੂਦ ਖੁਸ਼ੀ ਦੀ ਪੂਰਣਤਾ ਲਈ ''ਇਸ ਪ੍ਰਭਾਵ ਦੇ ਠੋਸ ਕਾਰਣ'' ਲਈ ''ਸਮਝ (ਵਿਵੇਕੀ ਜੀਵ)'' ਅਰਥਾਤ ''ਬੇਹਤਰੀਨ ਸਮਝ'' ਹੋਣਾ ਜ਼ਰੂਰੀ ਹੈ।[10]

ਉਹ ਉਸਦੀ ਹੋਂਦ ਨੂੰ ਇੰਨੀ ਮਜ਼ਬੂਤੀ ਨਾਲ ਵੇਖ ਸਕਿਆ ਕਿ ਉਸਨੇ ਮਾਨਸਿਕ ਧਾਰਨਾਵਾਂ ਦੇ ਗਿਆਨ ਦੇ ਸੰਸਾਰ ਦੇ ਅੱਗੇ ਦੇਖ ਕੇ ਕਰਨ ਦੇ ਕਾਰਣ ਦੀ ਦਲੀਲ ਵਰਤਣ ਵਾਲਿਆਂ ਵਾਂਗ ਉਹੀ ਗੱਲ ਕੀਤੀ ਜਿਸਦਾ ਇਲਜ਼ਾਮ ਉਸਨੇ ਉਨ੍ਹਾਂ ਤੇ ਲਾਇਆ ਸੀ। ਪਰ ਲਗਦਾ ਹੈ ਕਿ ਕਾਰਣ ਦੀ ਦਲੀਲ ਦੇਣ ਵਾਲੇ ਜਜ਼ਬਾਤ ਦੀ ਦੁਨੀਆ ਤੋਂ ਪਹਿਲਾਂ ਸੰਸਾਰ ਬਣਾਉਣ ਵਾਲੇ ਨੂੰ ਵੇਖਣ ਵਿਚ ''ਹੋਂਦ ਸ਼ਾਸਤਰ ਦੇ ਭਰਮ'' ਪ੍ਰਤੀ ਸਮਰਪਿਤ ਨਹੀਂ ਹਨ ਅਤੇ ਨਾ ਹੀ ਕੈਂਟ ਸੀ ਜਦ ਉਸਨੇ ਗਿਆਨ ਦੀ ਦੁਨੀਆ ਤੋਂ ਅੱਗੇ ਨਿੱਕਲ ਕੇ ਉਸ ਜੀਵ ਨੂੰ ਵੇਖਿਆ ਜੋ ਮਨੁੱਖ ਦੀ ਭੌਤਿਕ ਤਾਰੀਫ਼ ਲਈ ਜ਼ਰੂਰੀ ਹੈ। ਓਸ ਜੀਵ ਦੇ ਨਾਲ, ਕੈਂਟ ਨੇ ਅਨੰਦ ਨਾਲ ਭਰ ਕੇ ਉਸਨੂੰ ''ਵਿਵਸਥਾ ਦੇਣ ਵਾਲਾ ਜੋ ਪਵਿੱਤਰ ਹੈ,'' ''ਧਰਮੀ ਨਿਆਂਈ'' ਅਤੇ ''ਚੰਗਾ ਹਾਕਿਮ'' ਆਖਿਆ।[11]

ਇਹ ਮੰਨਦਿਆਂ ਕਿ ਉਸ ਵਿਚ ਇਕ ''ਨੈਤਿਕ ਅੰਦਰੂਨੀ ਦ੍ਰਿਸ਼ਟੀ'' ਸੀ, ਐਰਿਕ ਫ੍ਰੈਂਕ ਕਹਿ ਰਿਹਾ ਸੀ ਕਿ ਗੁਣ ਵਿਚ ਕਿੰਨਾ ਫ਼ਰਕ ਹੈ ਅਤੇ ਇਹ ਕਿੰਨਾ ਦਿਆਲੂ ਹੈ, ਪਰ ਆਪਣੇ

ਆਪ ਉਹ ''ਪੂਰਣ ਬੌਧਿਕ ਚੁਣੌਤੀ'' ਦੀ ਹਾਲ ਵਿਚ ਰੱਖ ਰਿਹਾ ਸੀ। ਉਸਦਾ ਐਲਾਨ ਸੀ, ''ਮੈਂ ਮੁੱਢਲੇ ਸਿਧਾਂਤ ਦਾ ਬਿਲਕੁਲ ਵਿਰੋਧ ਕਰਾਂਗਾ ਅਤੇ ਇਸ ਨੂੰ ਨਹੀਂ ਮੰਨਾਗਾ।''[12]

ਸ਼ਾਇਦ ਹੋਰ ਸਭ ਲੋਕਾਂ ਨਾਲੋਂ ਹਟ ਕੇ ਕੈਂਟ ਮੰਨਦਾ ਹੈ ਕਿ ਮਨੁੱਖ ਵਿਚ ਪਾਈ ਜਾਣ ਵਾਲੀ ਸਮਰੱਥਾ ਅਤੇ ਸ਼ੁੱਭ ਇੱਛਾ ਦੇ ਮਹੱਤਵ ਮਨੁੱਖ ਜਾਤੀ ਦੀ ਮਦਦ ਲਈ ਸਾਫ਼ ਹਦਾਇਤ ਲੋਕਾਂ ਦਾ ਹਮੇਸ਼ਾ ਸਿਧਾਂਤ ਉੱਤੇ ਕੰਮ ਕਰਨਾ, ਵਿਸ਼ਵਵਿਆਪੀ ਹੋਣਾ ਚਾਹੀਦਾ ਹੈ। ਨਿੱਜੀ ਤੌਰ ਤੇ ਉਹ ਜ਼ਰੂਰ ਸੰਸਾਰ ਦਾ ਸਭ ਤੋਂ ਚੰਗਾ ਆਦਮੀ ਹੋਵੇਗਾ ਪਰ ਕੀਮਤਾਂ ਦੇ ਉਸਦੇ ਉੱਚੇ ਅਤੇ ਬਿਲਕੁਲ ਨਿਰਸੁਆਰਥ ਭਾਵ ਵਿਚ ''ਕਮਜ਼ੋਰ ਚਿਪਚਿਪੇ ਤੱਤ'' ''ਧੜਕਣ ਵਾਲੇ ਕਚਰੇ'' ਜਾਂ ਪੁਰਾਤਨ ਕਾਲ ਤੋਂ ਘਟਣ ਦੀ ਕੋਈ ਵਿਆਖਿਆ ਨਹੀਂ ਹੈ।

ਜੇ ਤੱਤ/ਪਦਾਰਥ ਵਿਚ ਭਲਿਆਈ, ਦਿਆ ਅਤੇ ਪਿਆਰ ਬਣ ਵੀ ਜਾਂਦੇ ਤਾਂ ਇਕ ਅਖੌਤੀ ਵਿਕਾਸਵਾਦੀ ਸੰਸਾਰ ਵਿਚ ਜਿੱਥੇ, ਜ਼ਾਲਿਮਾਨਾ ਢੰਗ ਅਤੇ ਜ਼ੋਰ-ਜ਼ਬਰਦਸਤੀ ਨਾਲ ਤਾਕਤਵਰ ਹੀ ਜ਼ਿੰਦਾ ਰਹਿ ਸਕਦਾ ਹੈ, ਇਸਦੇ ਲਈ ਥਾਂ ਨਹੀਂ ਹੋਵੇਗੀ। ਇੱਕੋ ਹੀ ਵਿਆਖਿਆ ਹੈ ਜਿਸਦਾ ਕੁਝ ਅਰਥ ਹੋ ਸਕਦਾ ਹੈ ਅਤੇ ਉਹ ਇਹ ਹੈ ਕਿ ਕਿਸੇ ਜ਼ਿੰਦਗੀ ਨੇ ਜੋ ਮਹੱਤਵ ਦਾ ਅਰਥ ਜਾਣਦਾ ਹੈ, ਕੈਂਟ ਦੇ ਮਨ ਵਿਚ ਵੀ ਇਹ ਭਾਵਨਾ ਪਾਈ। ਇਸਦਾ ਅਰਥ ਇਹ ਹੋਇਆ ਕਿ ਜਿਵੇਂ ਰਾਤ ਦੇ ਬਾਅਦ ਰੌਸ਼ਨੀ ਹੀ ਹੁੰਦੀ ਹੈ, ਓਸੇ ਤਰ੍ਹਾਂ ਸੰਸਾਰ ਦਾ ਰਚਨਹਾਰਾ ਕਿਸੇ ਇਮਾਰਤ ਬਣਾਉਣ ਵਾਲੇ ਨਾਲੋਂ ਵਧ ਕੇ ਹੈ ਭਾਵ ਉਹ ਜ਼ਿੰਦਾ ਹੈ, ਬੁੱਧਵਾਨ ਹੈ ਅਤੇ ਭਲਾ ਹੈ।

## ਉਹ ਕਿਹੋ ਜਿਹਾ ਖ਼ੁਦਾ ਹੈ?

''ਭਲਾ ਤੂੰ ਖੋਜ ਨਾਲ ਪਰਮੇਸ਼ੁਰ ਨੂੰ ਭਾਲ ਸਕਦਾ ਹੈਂ ਜਾਂ ਸਰਬਸ਼ਕਤੀਮਾਨ ਨੂੰ ਪੂਰਨਤਾਈ ਤੀਕ ਪਾ ਸਕਦਾ ਹੈਂ'' (ਅੱਯੂਬ 11:7)। ਯਕੀਨੀ ਤੌਰ ਤੇ ਇਸ ਸਵਾਲ ਦਾ ਜਵਾਬ ਨਕਾਰਾਤਮਕ ਹੋਵੇਗਾ, ਕਿਉਂਕਿ ਖ਼ੁਦਾ ''ਤਾਂ ਇੰਨੇ ਵੱਡੇ ਕੰਮ ਕਰਦਾ ਹੈ ਜਿੰਨ੍ਹਾ ਦੀ ਥਾਹ ਨਹੀਂ ਲਗਦੀ ਅਤੇ ਅਚਰਜ ਕੰਮ ਕਰਦਾ ਹੈ ਜੋ ਗਿਣੇ ਨਹੀਂ ਜਾਂਦੇ'' (ਅੱਯੂਬ 5:9)। ਪਰ ਫੁੱਲਾਂ ਦੇ ਬਾਗ਼ ਵਿਚ ਫਿਰਦਿਆਂ ਮਾਲੀ ਨਜ਼ਰ ਨਾ ਆਵੇ ਤਾਂ ਵੀ ਮਾਲੀ ਬਾਰੇ ਲੋੜੀਦੀਆਂ ਗੱਲਾਂ ਦਾ ਪਤਾ ਜ਼ਰੂਰ ਲੱਗ ਜਾਂਦਾ ਹੈ। ਓਸੇ ਤਰ੍ਹਾ ਕੋਈ ਆਮ ਆਦਮੀ ਦਿਨ ਵੇਲੇ ਜਾਂ ਰਾਤ ਨੂੰ ਅਕਾਸ਼ ਵਿਚ ਇਕ ਟੱਕੇ ਵੇਖੇ ਤਾਂ ਉਸ ਸਮਰੱਥ ਸਿਰਜਣਹਾਰ ਅਤੇ ਇਨ੍ਹਾਂ ਨੂੰ ਬਣਾਉਣ ਵਾਲੇ ਦੀ ਕਾਰੀਗਰੀ ਹੀ ਨਜ਼ਰ ਆਉਂਦੀ ਹੈ (ਵੇਖੋ ਜ਼ਬੂਰ 19:1-3)।

ਨਿਰਜੀਵ ਪਦਾਰਥਾਂ ਦੀ ਸ੍ਰਿਸ਼ਟੀ ਵਿਚ, ਇਕ ਜਾਂ ਵਧੇਰੇ ਸ਼ਕਤੀਸ਼ਾਲੀ ਸ੍ਰਿਸ਼ਟੀਕਰਤਾਵਾਂ ਨੂੰ ਵੇਖਿਆ ਜਾ ਸਕਦਾ ਹੈ। ਗ੍ਰਹਿ ਦੀ ਗਤੀ ਨੂੰ ਸਹੀ ਦਿਸ਼ਾ ਦਿੰਦੇ ਨਿਆਮਾਂ ਦੀ ਸਪਸ਼ਟ ਏਕਤਾ ਤੋਂ ਨਿਚੋੜ ਕੱਢਿਆ ਜਾ ਸਕਦਾ ਹੈ ਕਿ ਰਚਣਹਾਰਾ ਇਹੀ ਹੈ ਭਾਵੇਂ ਉਸਦੇ ਅਣਗਿਣਤ ਸਹਾਇਕ ਹੋਣ ਪਰ ਸਭ ਨੂੰ ਹਦਾਇਤ ਉਹੀ ਦਿੰਦਾ ਹੈ। ਫਿਰ ਇਹ ਨਿਚੋੜ ਕੱਢਣਾ ਦਲੀਲ ਭਰਿਆ ਹੈ ਕਿ ਜ਼ਿੰਦਗੀ ਦੇ ਹਰ ਰੂਪ ਦੇ ਰਚਣਹਾਰੇ ਵਿਚ ਆਪਣੇ ਆਪ ਵਿਚ ਜ਼ਰੂਰੀ ਹੋਣਾ ਹੈ। ਜੇ ਜ਼ਿੰਦਾ ਪ੍ਰਾਣੀ ਆਪਣੇ ਆਪ ਨੂੰ ਜਾਣਨ ਵਾਲਾ ਖ਼ਾਸ ਸ਼ਖ਼ਸ ਹੈ ਤਾਂ ਕੋਈ ਕਹਿ ਸਕਦਾ ਹੈ ਕਿ ਉਸਦਾ ਬਣਾਉਣ ਵਾਲਾ ਵੀ ਆਪਣੀ ਰਚਨਾ ਤੋਂ ਘੱਟ ਨਹੀਂ ਹੈ, ਤਾਂ ਇਹ ਸੋਚਣਾ ਬੇਤੁਕਾ ਹੈ ਕਿ ਉਸਦੇ ਬਣਾਉਣ ਵਾਲੇ ਵਿਚ ਉਸ ਨਾਲੋਂ ਘੱਟ ਸੰਵੇਦਨਾ ਹੋਵੇਗੀ। ਇਕ-ਇਕ ਕਰਕੇ ਹਰ ਹਕੀਕਤ ਦੇ ਪੱਧਰ ਤੋਂ ਦੂਜੇ ਤਕ ਆਦਮੀ ਨੂੰ ਰਚਣਹਾਰੇ ਨੂੰ ਕਦੇ ਨਹੀਂ ਵੇਖਿਆ ਪਰ ਉਸਦੇ ਬਾਰੇ ਹੋਰ ਜਾਣਨ ਦੀ ਲਾਲਸਾ ਹੈ।

ਖ਼ੁਦਾ ਨੂੰ ਪਿਆਰ ਅਤੇ ਨਿਰੋਲ ਰੂਹਾਨੀ ਭਾਵ ਅਮੂਰਤ ਆਦਰਸ਼ (ਪਲੈਟੋ) ਜਾਂ ਦਾੜ੍ਹੀ ਵਾਲਾ ਬਾਬਾ ਜਾਂ ਮਨੁੱਖ ਦੇ ਦਿਮਾਗ਼ ਦੀ ਉਪਜ (ਲੁਡਵਿਗ ਫਿਉਰਬੈਕ) ਜਾਂ ਇੱਛਾਪੂਰਣ ਸੋਚ (ਸਿਗਮੰਚ ਫਰਾਈਡ) ਜਾਂ ਮਰਿਆ (ਫ੍ਰੇਡਿਕ ਨੇਅਲਸ਼) ਜਾਂ ਸਿਰਫ਼ ਸਾਡੀ ਹੋਂਦ ਦਾ ਅਸਰ (ਪਾਲ ਟਿਲਿਚ) ਜਾਂ ਅਜਿਹਾ ਜਿਸਨੂੰ ਸਾਡੀਆਂ ਭਾਵਨਾਵਾਂ ਨਾਲ ਛੂਹਿਆ ਨਹੀਂ ਜਾ ਸਕਦਾ, ਕਹਿਣ ਵਾਲੇ ਸ਼ਖ਼ਸ ਨੇ ਪੂਰੇ ਨਿਚੋੜ ਤੇ ਵਿਚਾਰ ਨਹੀਂ ਕੀਤਾ। ''ਜਿਸ ਨੇ ਕੰਨ ਲਾਇਆ, ਭਲਾ, ਉਹ ਨਹੀਂ ਸੁਣੇਗਾ? ਜਿਸ ਨੇ ਅੱਖ ਰਚੀ, ਭਲਾ, ਉਹ ਨਹੀਂ ਵੇਖੇਗਾ?'' (ਜ਼ਬੂਰ 94:9) ਜਿਸਨੇ ਇਨਸਾਨ ਨੂੰ ਸੰਵੇਦਨਸ਼ੀਲ ਭਾਵਨਾਵਾਂ ਦਿੱਤੀਆਂ ਹਨ ਭਲਾ ਉਸ ਵਿਚ ਅਜਿਹੀਆਂ ਭਾਵਨਾਵਾਂ ਨਹੀਂ ਹਨ?

---

ਟਿੱਪਣੀਆਂ

[1]ਈਵਾਨ ਯੇਫ਼ਰਮੋਵ, ''ਦਿ ਹਿਊਮਨ ਬ੍ਰੇਨ ਗੌਡ ਮੇਡ,'' *ਟਵੰਟਿਅਥ ਸੈਂਚੁਰੀ ਕ੍ਰਿਸਚਿਅਨ* (ਅਗਸਤ 1970): 8. [2]ਫ਼੍ਰਾਂਸਿਸ ਡਾਰਵਿਨ, ਸੰਪਾ., *ਲਾਈਫ ਐਂਡ ਲੈਟਰਜ਼ ਆਫ਼ ਚਾਰਲਸ ਡਾਰਵਿਨ* (ਨਿਊ ਯਾਰਕ: ਡੀ. ਐਪਲਟਨ ਐਂਡ ਕੰ., 1911), 1:282. [3]ਡੀ. ਐਫ਼. ਲੌਡਨ, ਯੂਨੀਵਰਸਿਟੀ ਆਫ਼ ਕੈਂਟਰਬਰੀ ਐਟ ਕ੍ਰਾਈਸਟ ਚਰਚ, ਨਿਊ ਜ਼ੀਲੈਂਡ: ਜੌਨ ਲੀਅਰ, ''ਦ ਫ਼ਿਊਚਰ ਆਫ਼ ਗੌਡ'' *ਸੈਟਰਡੇ ਰੀਵਿਊ* (29 ਅਗਸਤ 1964): 184 ਵਿਚ ਦੁਹਰਾਇਆ ਗਿਆ। [4]ਰੇਨੇ ਡਿਸਕਾਰਟੇਸ, *ਡਿਸਕਾਰਟੇਸ ਸਿਲੈਕਸ਼ੰਜ਼,* ਸੰਪਾ. ਰਾਲਫ਼ ਐਮ. ਈਟਨ (ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸਨਜ਼, 1927), 123. [5]ਉਹੀ। [6]*ਦਿ ਇੰਸਾਈਕਲੋਪੀਡੀਆ ਅਮੈਰਿਕਾਨਾ,* 1962 ਅੰਕ, S.V. ਐਚ. ਡਬਲਯੂ. ਰਾਈਟ ਦੀ ਕਿਤਾਬ ''ਥੀਇਜ਼ਮ।'' [7]ਜੌਨ ਹਿੱਕ, *ਕਲਾਸੀਕਲ ਐਂਡ ਕੰਟੰਪ੍ਰੇਰੀ ਰੀਡਿੰਗਜ਼ ਇਨ ਦ ਫ਼ਿਲਾਸਫ਼ੀ ਆਫ਼ ਰਿਲਿਜਨ* (ਐਂਗਲਵਰਡ ਕਲਿਫ਼ਸ, ਨਿਊ ਜਰਸੀ: ਪ੍ਰੈਂਟਿਸ ਹਾਲ, 1965), 471. [8]ਡੇਵਿਡ ਐਲਟਨ ਟਰੂਬਲੱਡ, *ਫ਼ਿਲਾਸਫ਼ੀ ਆਫ਼ ਰਿਲਿਜਨ* (ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, 1957), 108. [9]ਬਰਟ੍ਰੇਂਡ ਰੱਸਲ, *ਮਿਸਟਿਸਿਜ਼ਮ ਐਂਡ ਲੌਜਿਕ* (ਨਿਊ ਯਾਰਕ: ਬਾਰਨਸ ਐਂਡ ਨੋਬਲ, 1959), 48. [10]*ਕੈਂਟ ਸਿਲੇਕਸ਼ੰਜ,* ਸੰਪਾ., ਥਿਓਡੋਰ ਮੇਅਰ ਗ੍ਰੀਨ (ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸੰਜ਼, 1957), 360-67 ਵਿਚ ਇਮਾਨੁਏਲ ਕੈਂਟ, ''ਥਿਊਰੀ ਆਫ਼ ਈਥਿਕਸ।''

[11]ਉਹੀ, 367. [12]ਗੈਡਿਸ ਮੈਕਗ੍ਰੇਗਰ, *ਇੰਟ੍ਰੋਡਕਸ਼ਨ ਟੂ ਰਿਲੀਜਿਅਸ ਫ਼ਿਲਾਸਫ਼ੀ* (ਬੋਸਟਨ: ਹਿਊਸਟਨ ਮਿਫ਼ਲਿਨ ਕੰ., 1959), 120.